







# ਘਰ ਖਰੀਦਣ ਵਾਲਿਆਂ ਲਈ ਸਹਾਇਤਾ

ਉਨ੍ਹਾਂ ਪਰਿਵਾਰਾਂ ਲਈ ਜੋ 2017 ਵਿੱਚ ਕੈਲੀਫੋਰਨੀਆ ਦੇ ਜੰਗਲਾਂ ਵਿੱਚ ਲਗਿਆਂ ਅੱਗਾਂ ਤੋਂ ਪ੍ਰਭਾਵਿਤ ਹੋਏ ਸਨ।

ਡਾਲਰ ਤੱਕ **$3,50,000**

## *ਅੱਗ ਦੀ ਜ਼ਿਆਦਾ ਜਾਂ ਬਹੁਤ ਜ਼ਿਆਦਾ ਤੀਬਰਤਾ ਵਾਲੇ ਖੇਤਰਾਂ ਤੋਂ ਬਾਹਰ ਘਰ ਖਰੀਦਣਾ*

ReCoverCA ਘਰ ਖਰੀਦਣ ਵਾਲਿਆਂ ਲਈ ਸਹਾਇਤਾ ਪ੍ਰੋਗਰਾਮ ਕੈਲੀਫੋਰਨੀਆ ਵਿੱਚ ਘੱਟ-ਅਤੇ-ਦਰਮਿਆਨੀ ਆਮਦਨ ਵਾਲੇ ਪਰਿਵਾਰਾਂ ਨੂੰ ਅੱਗ ਦੀ ਜ਼ਿਆਦਾ ਜਾਂ ਬਹੁਤ ਜ਼ਿਆਦਾ ਤੀਬਰਤਾ ਵਾਲੇ ਖੇਤਰਾਂ ਤੋਂ ਬਾਹਰ ਘਰ ਖਰੀਦਣ ਲਈ **$350,000 ਤੱਕ ਦੀ ਸਹਾਇਤਾ ਮੁਹੱਈਆ** ਕਰਦਾ ਹੈ। ਇਹ ਆਰਥਿਕ ਸਹਾਇਤਾ ਕਿਸੇ ਪਰਿਵਾਰ ਦੀ ਮਾਰਗੇਜ਼ ਕਰਜ਼ ਵਿੱਚ ਕਿੰਨਾ ਕਰਜ਼ ਲੈ ਸਕਦਾ ਹੈ ਅਤੇ ਸੰਪਤੀ ਦੇ ਖਰੀਦ ਮੁੱਲ ਦੇ ਵਿਚਕਾਰ ਦੇ ਅੰਤਰ ਨੂੰ ਕਵਰ ਕਰਨ ਵਿੱਚ ਮਦਦ ਕਰਦਾ ਹੈ। ਇਹ ਸਹਾਇਤਾ **ਪੰਜ ਸਾਲਾਂ ਬਾਅਦ ਪੂਰੀ ਤਰ੍ਹਾਂ ਮੁਆਫ਼** ਕਰ ਦਿੱਤੀ ਜਾਂਦੀ ਹੈ*, ਪਹਿਲੀ ਵਾਰ ਘਰ ਖਰੀਦਣ ਵਾਲੇ ਵਜੋਂ ਹੋਣ ਦੀ ਕੋਈ ਲੋੜ ਨਹੀਂ ਹੈ, ਅਤੇ ਯੋਗਤਾ ਪੂਰੀ ਕਰਨ ਲਈ ਕੋਈ ਸਰਵੋਤਮ ਕ੍ਰੈਡਿਟ ਹੋਣਾ ਜ਼ਰੂਰੀ ਨਹੀਂ ਹੈ।

***2017 ਵਿੱਚ ਜੰਗਲਾਂ ਵਿੱਚ ਲਗਿਆਂ ਅੱਗਾਂ ਤੋਂ ਪ੍ਰਭਾਵਿਤ ਹੋਏ ਵਿਅਕਤੀਆਂ ਤੋਂ ਅਰਜ਼ੀਆਂ 17 ਮਾਰਚ, 2025 ਤੋਂ ਖੁੱਲ੍ਹਣਗੀਆਂ।***

## ਯੋਗ ਖੇਤਰ

ਜੇ ਤੁਹਾਡੀ ਮੁੱਖ ਰਿਹਾਇਸ਼ 2017 ਵਿੱਚ (ਮਾਲਕ ਜਾਂ ਕਿਰਾਏ 'ਤੇ) ਅੱਗ ਦੀ ਜ਼ਿਆਦਾ ਜਾਂ ਬਹੁਤ ਜ਼ਿਆਦਾ ਤੀਬਰਤਾ ਵਾਲੇ ਉਨ੍ਹਾਂ ਖੇਤਰਾਂ ਵਿੱਚ ਸਥਿਤ ਸੀ ਜੋ ਹੇਠਾਂ ਸੂਚੀਬੱਧ ਕੀਤੇ ਗਏ ਹਨ, ਤਾਂ ਤੁਸੀਂ ਯੋਗ ਹੋ ਸਕਦੇ ਹੋ।

2017 ਦੀਆਂ ਯੋਗ ਕਾਉਂਟੀਆਂ

- ਕਾਉਂਟੀ ਔਫ਼ ਸੋਨੋਮਾ
- ਕਾਉਂਟੀ ਔਫ਼ ਵੈਨਚੂਰਾ

2017 ਦੇ ਯੋਗ ਜ਼ਿਪ ਕੋਡ:

- 95470 (ਮੈਨਡਸੀਨੋ ਕਾਉਂਟੀ)
- 95901 (ਯੂਬਾ ਕਾਉਂਟੀ)
- 94558 (ਨਾਪਾ ਕਾਉਂਟੀ)
- 95422 (ਲੇਕ ਕਾਉਂਟੀ)
- 93108 (ਸੈਂਟਾ ਬਾਰਬਰਾ ਕਾਉਂਟੀ)

## ਬਿਨੈਕਾਰ ਦੀ ਯੋਗਤਾ

- ਪਰਿਵਾਰ ਦੀ ਆਮਦਨ ਸੀਮਾਵਾਂ ਘੱਟ ਤੋਂ ਦਰਮਿਆਨੀ ਆਮਦਨ ਸੀਮਾਵਾਂ (ਖੇਤਰ ਦੀ ਔਸਤ ਆਮਦਨ ਦਾ 80%) ਨੂੰ ਪੂਰਾ ਕਰਨੀਆਂ ਲਾਜ਼ਮੀ ਹਨ
- 640 ਜਾਂ ਉਸ ਤੋਂ ਵੱਧ ਕ੍ਰੈਡਿਟ ਸਕੋਰ
- ਵੱਧ ਤੋਂ ਵੱਧ ਕਰਜ਼ਾ-ਤੋਂ-ਆਮਦਨ ਅਨੁਪਾਤ 45%.
- 8-ਘੰਟੇ ਦਾ ਔਨਲਾਈਨ ਘਰ ਖਰੀਦਣ ਵਾਲਿਆਂ ਦੇ ਸਿੱਖਿਆ ਕੋਰਸ ਨੂੰ ਪੂਰਾ ਕਰਨਾ ਲਾਜ਼ਮੀ ਹੈ।
- ਕੈਲੀਫੋਰਨੀਆ ਵਿੱਚ ਅੱਗ ਦੀ ਜ਼ਿਆਦਾ ਜਾਂ ਬਹੁਤ ਜ਼ਿਆਦਾ ਤੀਬਰਤਾ ਵਾਲੇ ਖੇਤਰਾਂ ਤੋਂ ਬਾਹਰ ਘਰ ਖਰੀਦਣਾ ਲਾਜ਼ਮੀ ਹੈ।

## ਅੱਜ ਹੀ ਸ਼ੁਰੂਆਤ ਕਰੋ!

* ਇਸ ਫਲਾਇਰ ਵਿੱਚ ਵਿੱਚ ਪ੍ਰੋਗਰਾਮ ਬਾਰੇ ਆਮ ਜਾਣਕਾਰੀ ਦਿੱਤੀ ਗਈ ਹੈ, ਇਹ ਕ੍ਰੈਡਿਟ ਦੇ ਵਿਸਥਾਰ ਜਾਂ ਉਧਾਰ ਦੇਣ ਦੀ ਵਚਨਬੱਧਤਾ ਦੀ ਪੇਸ਼ਕਸ਼ ਨਹੀਂ ਹੈ ਅਤੇ ਬਿਨਾਂ ਨੋਟਿਸ ਦੇ ਬਦਲੀ ਜਾ ਸਕਦੀ ਹੈ। ਪੂਰੀਆਂ ਪ੍ਰੋਗਰਾਮ ਨੀਤੀਆਂ, ਕਰਜ਼ਾ ਅਰਜ਼ੀਆਂ, ਵਿਆਜ ਦਰਾਂ ਅਤੇ ਸਾਲਾਨਾ ਪ੍ਰਤੀਸ਼ਤ ਦਰਾਂ (APRs) ReCoverCA HBA ਕਰਜ਼ਦਾਤਾਵਾਂ ਦੁਆਰਾ ਉਪਲਬਧ ਹਨ। ReCoverCA ਘਰ ਖਰੀਦਣ ਵਾਲਿਆਂ ਲਈ ਸਹਾਇਤਾ ਪ੍ਰੋਗਰਾਮ ਕੈਲੀਫੋਰਨੀਆ ਡਿਪਾਰਟਮੈਂਟ ਔਫ਼ ਹਾਉਸਿੰਗ ਐਂਡ ਕਮਿਉਨਿਟੀ ਡਿਵੈਲਪਮੈਂਟ ਦੁਆਰਾ ਪ੍ਰਦਾਨ ਕੀਤਾ ਜਾਂਦਾ ਹੈ, ਜੋ ਕਿ HUD ਤੋਂ ਕਮਿਉਨਿਟੀ ਡਿਵੈਲਪਮੈਂਟ ਬਲੌਕ ਗ੍ਰਾਂਟ - ਆਪਦਾ ਬਹਾਲੀ ਗ੍ਰਾਂਟ ਦੁਆਰਾ ਸੰਭਵ ਬਣਾਇਆ ਗਿਆ ਹੈ, ਅਤੇ ਗੋਲਡਨ ਸਟੇਟ ਫਾਈਨੈਂਸ ਅਥਾਰਟੀ (GSFA) ਦੁਆਰਾ ਪ੍ਰਬੰਧਿਤ ਕੀਤਾ ਜਾਂਦਾ ਹੈ, ਜੋ ਕਿ ਇੱਕ ਵਿਧੀਵਤ ਬਣਾਈ ਗਈ ਜਨਤਕ ਸੰਸਥਾ ਅਤੇ ਏਜੰਸੀ ਹੈ।

ਕਾਪੀਰਾਈਟ © 202